ਨੰਬਰ/ਐਫ..ਸੀ.ਏ. 224

ਮਿਤੀ 27/04/2021

ਵਲੋਂ ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਸੇਵਾ ਵਿਖੇ ਵਧੀਕ ਪ੍ਰਧਾਨ ਮੁੱਖ ਵਣ ਪਾਲ (ਐਫ.ਸੀ.),
ਅਤੇ ਨੋਡਲ ਅਫਸਰ (ਐੱਫ.ਸੀ.ਏ),
ਪੰਜਾਬ, ਐੱਸ.ਏ.ਐੱਸ. ਨਗਰ।

ਵਿਸ਼ਾ **Diversion of 0.0032 Ha. of Forest Land for approach road to shop at village Nagdipur on Kot Fatuhi to Mehtiana road, BDC RD 136-37 R/S, Tehsil Garhshankar, under Forest division & Distt. Hoshiarpur, Punjab. (Proposal No. FP/PB/Approach/37854/2018 dated 24/12/2018)**

ਹਵਾਲਾ: ਆਪ ਜੀ ਦਾ ਪੱਤਰ ਨੰ: File No. FOREST-FCA0FC3H/23/2020-FCA/I/165464/2021 ਮਿਤੀ 02-04-2021.

********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਵੱਲੋਂ ਹਵਾਲੇ ਅਧੀਨ ਪੱਤਰ ਰਾਹੀਂ ਲਗਾਏ ਗਏ ਇਤਰਾਜ ਬਾਰੇ ਬੇਨਤੀ ਕੀਤੀ ਜਾਂਦੀ ਹੈ ਕਿ ਯੂਜਰ ਏਜੰਸੀ ਵੱਲੋਂ ਪਹਿਲਾਂ ਸਾਲ 2009-10 ਦੇ ਕਰੀਬ ਵਣ ਵਿਭਾਗ ਦੇ ਰੂਲਾਂ ਦੀ ਜਾਣਕਾਰੀ ਨਾ ਹੋਣ ਕਾਰਨ ਕੰਮ ਸ਼ੁਰੂ ਕਰਨ ਲਈ ਵਾਇਓਲੇਸ਼ਨ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਨੂੰ ਵਿਭਾਗ ਵੱਲੋਂ ਰੋਕਣ ਤੇ ਯੂਜਰ ਏਜੰਸੀ ਵੱਲੋਂ ਕੰਮ ਨੂੰ ਰੋਕ ਦਿੱਤਾ ਗਿਆ ਸੀ। ਮੁੜ ਮਾਰਚ, 2018 ਵਿੱਚ ਜਦੋਂ ਯੂਜਰ ਏਜੰਸੀ ਵੱਲੋਂ ਵਾਇਓਲੇਸ਼ਨ ਕੀਤੀ ਗਈ ਤਾਂ ਫੀਲਡ ਸਟਾਫ ਵੱਲੋਂ ਜੁਰਮਾਨਾ ਪਾ ਕੇ ਯੂਜਰ ਏਜੰਸੀ ਨੂੰ ਰੋਕਦੇ ਹੋਏ ਕੇਸ ਅਪਲਾਈ ਕਰਨ ਲਈ ਸਖਤ ਹਦਾਇਤ ਕੀਤੀ ਗਈ ਤਾਂ ਯੂਜਰ ਏਜੰਸੀ ਵੱਲੋਂ ਉਕਤ ਵਿਸ਼ੇ ਅਧੀਨ ਕੇਸ ਅਪਲਾਈ ਕਰ ਦਿੱਤਾ ਗਿਆ ਸੀ। ਯੂਜਰ ਏਜੰਸੀ ਵੱਲੋਂ ਵੀ ਲਿਖਤੀ ਤੌਰ ਤੇ ਪ੍ਰਤੀਬੇਨਤੀ ਪੱਤਰ ਸਬਮਿੱਟ ਕੀਤਾ ਗਿਆ ਹੈ (ਕਾਪੀ ਨੱਥੀ) ਕਿ ਉਸ ਵੱਲੋਂ ਸਾਲ 2010 ਦੌਰਾਨ ਸ਼ੁਰੂ ਕੀਤਾ ਕੰਮ ਰੋਕ ਦਿੱਤਾ ਗਿਆ ਸੀ ਪ੍ਰੰਤੂ ਘਰੇਲੂ ਹਾਲਾਤਾਂ ਤੇ ਮਾੜਾ ਅਸਰ ਪੈਣ ਕਾਰਨ ਜਦੋਂ ਮਾਰਚ, 2018 ਵਿੱਚ ਮੁੜ ਕੰਮ ਸ਼ੁਰੂ ਕੀਤਾ ਗਿਆ ਤਾਂ ਜੰਗਲਾਤ ਮਹਿਕਮੇ ਵੱਲੋਂ ਮਾਰਚ, 2018 ਵਿੱਚ ਜੁਰਮਾਨਾ ਪਾ ਕੇ ਇਸ ਜਗ੍ਹਾ ਤੇ ਕੰਮ ਕਰਨ ਤੋਂ ਰੋਕ ਦਿੱਤਾ ਗਿਆ ਸੀ ਜੋਕਿ ਹੁਣ ਤੱਕ ਬੰਦ ਪਿਆ ਹੈ। ਇਸ ਸਬੰਧੀ ਯੂਜਰ ਏਜੰਸੀ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਐਫ.ਸੀ.ਏ. 1980 ਤਹਿਤ ਅਪਲਾਈ ਉਕਤ ਕੇਸ ਦੀ ਪ੍ਰਵਾਨਗੀ ਉਪਰੰਤ ਹੀ ਹੁਣ ਕੰਮ ਚਾਲੂ ਕੀਤਾ ਜਾਵੇਗਾ।

ਇਸ ਲਈ ਯੂਜਰ ਏਜੰਸੀ ਦੀ ਬੇਨਤੀ ਅਤੇ ਇਸ ਦਫਤਰ ਦੇ ਪੱਤਰ ਨੰ: 2552 ਮਿਤੀ 12-03-2021 ਦੇ ਲੜੀ ਨੰ: 6 ਵਿੱਚ ਦਰਸਾਏ ਅਨੁਸਾਰ ਵਾਇਓਲੇਸ਼ਨ ਸਬੰਧੀ ਪਹਿਲਾਂ ਕੀਤੀ ਰਿਪੋਰਟ ਨੂੰ ਮੱਦੇ ਨਜਰ ਰੱਖਦੇ ਹੋਏ ਕੇਸ ਦੀ ਲੋੜੀਂਦੀ ਪ੍ਰਵਾਨਗੀ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਪਿੱਠ ਅੰਕਣ ਨੰਬਰ 225-27 ਮਿਤੀ 27/04/2021

ਇਸ ਦੀ ਇੱਕ ਨਕਲ :-

1) ਵਣ ਪਾਲ, ਨਾਰਥ ਸਰਕਲ, ਪੰਜਾਬ, ਹੁਸ਼ਿਆਰਪੁਰ ਜੀ ਨੂੰ ਤਜੀਵਜ ਦੇ ਦਸਤਾਵੇਜ ਉਕਤ ਅਨੁਸਾਰ ਆਨਲਾਈਨ ਪੋਰਟਲ https://parivesh.nic.in ਵਿੱਚ ਅਪਲੋਡ ਕਰਨ ਉਪਰੰਤ ਸੂਚਨਾ ਅਗਲੇਰੀ ਯੋਗ ਕਾਰਵਾਈ ਲਈ ਭੇਜੀ ਜਾਂਦੀ ਹੈ।

2) ਵਣ ਰੇਂਜ ਅਫਸਰ, ਮਾਹਿਲਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ 1980 ਤਹਿਤ ਪ੍ਰਵਾਨਗੀ ਤੋਂ ਬਿਨ੍ਹਾਂ ਯੂਜਰ ਏਜੰਸੀ ਨੂੰ ਵਣ ਰਕਬਾ ਗੈਰ ਵਣ ਮੰਤਵ ਲਈ ਵਰਤਣ ਨਾ ਦਿੱਤਾ ਜਾਵੇ।

3) Sh. Jaspinder Singh S/o Sh. Sagar Singh, C/o Parmar Enterprises Village Nagdipur, Tehsil Garhshankar, District Hoshiarpur ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਐੱਫ.ਸੀ.ਏ 1980 ਤਹਿਤ ਪ੍ਰਵਾਨਗੀ ਪ੍ਰਾਪਤ ਹੋਣ ਤੋਂ ਬਿਨ੍ਹਾ ਵਣ ਰਕਬਾ ਗੈਰ ਵਣ ਮੰਤਵ ਲਈ ਨਾ ਵਰਤਿਆ ਜਾਵੇ।

ਵਣ ਮੰਡਲ ਅਫਸਰ,
ਹੁਸ਼ਿਆਰਪੁਰ।

D:\FCA (Santosh)\Forests Clearance.nic.in\F.C.A_Sham_LG.doc

ਸੇਵਾ ਵਿਖੇ,

ਨੋਡਲ ਅਫਸਰ (ਐੱਫ.ਸੀ.ਏ. ਬ੍ਰਾਂਚ)
ਵਣ ਭਵਨ, ਸੈਕਟਰ 68, ਐਸ.ਏ.ਐਸ ਨਗਰ।
ਰਾਹੀਂ: ਵਣ ਮੰਡਲ ਅਫਸਰ,
ਹੁਸ਼ਿਆਰਪੁਰ।

ਵਿਸ਼ਾ **Diversion of 0.0032 Ha. of Forest Land for approach road to shop at village Nagdipur on Kot Fatuhi to Mehtiana road, BDC RD 136-37 R/S, Tehsil Garhshankar, under Forest division & Distt. Hoshiarpur, Punjab. (Proposal No. FP/PB/Approach/37854/2018 dated 24/12/2018)**

ਸ਼੍ਰੀਮਾਨ ਜੀ,

ਨੋਡਲ ਅਫਸਰ (ਐੱਫ.ਸੀ.ਏ. ਬ੍ਰਾਂਚ), ਪੰਜਾਬ, ਐੱਸ.ਏ.ਐੱਸ. ਨਗਰ ਜੀ ਦੇ ਪੱਤਰ ਮਿਤੀ 02-04-2021 ਦੇ ਸਬੰਧ ਵਿੱਚ ਬੇਨਤੀ ਹੈ ਕਿ ਸਾਲ 2010 ਦੇ ਕਰੀਬ ਮੇਰੇ ਵੱਲੋਂ ਪਹਿਲਾਂ ਆਪਣਾ ਕੰਮ ਸ਼ੁਰੂ ਕੀਤਾ ਗਿਆ ਸੀ, ਪ੍ਰੰਤੂ ਜੰਗਲਾਤ ਮਹਿਕਮੇ ਦੇ ਰੂਲਾਂ ਅਨੁਸਾਰ ਪ੍ਰਵਾਨਗੀ ਲੈਣ ਦੀ ਜਾਣਕਾਰੀ ਨਾ ਹੋਣ ਕਾਰਨ ਮੇਰੇ ਵੱਲੋਂ ਕੰਮ ਨੂੰ ਰੋਕ ਦਿੱਤਾ ਗਿਆ ਸੀ। ਪ੍ਰੰਤੂ ਮੇਰੇ ਘਰੇਲੂ ਹਾਲਾਤਾਂ ਤੇ ਮਾੜਾ ਅਸਰ ਪੈਣ ਕਾਰਨ ਮੇਰੇ ਵੱਲੋਂ ਦੁਬਾਰਾ ਜਦੋਂ ਕੰਮ ਸ਼ੁਰੂ ਕੀਤਾ ਗਿਆ ਤਾਂ ਜੰਗਲਾਤ ਮਹਿਕਮੇ ਵੱਲੋਂ ਮਾਰਚ, 2018 ਵਿੱਚ ਜੁਰਮਾਨਾ ਪਾ ਕੇ ਮੈਨੂੰ ਇਸ ਜਗ੍ਹਾ ਤੇ ਕੰਮ ਕਰਨ ਤੋਂ ਰੋਕ ਦਿੱਤਾ ਗਿਆ ਸੀ ਜੋਕਿ ਹੁਣ ਤੱਕ ਬੰਦ ਪਿਆ ਹੈ। ਇਸ ਸਬੰਧੀ ਮੇਰੇ ਵੱਲੋਂ ਐਫ.ਸੀ.ਏ. 1980 ਤਹਿਤ ਕੇਸ ਜੰਗਲਾਤ ਦਫਤਰ ਵਿਖੇ ਅਪਲਾਈ ਕਰ ਦਿੱਤਾ ਗਿਆ ਸੀ। ਮੈਂ ਬੇਨਤੀ ਕਰਦਾ ਹਾਂ ਕਿ ਮੇਰੇ ਵੱਲੋਂ ਹੁਣ ਕੰਮ ਵਣ ਵਿਭਾਗ ਦੀ ਐੱਨ.ਓ.ਸੀ. ਉਪਰੰਤ ਹੀ ਚਾਲੂ ਕੀਤਾ ਜਾਵੇਗਾ। ਕ੍ਰਿਪਾ ਕਰਕੇ ਮੈਨੂੰ ਐੱਨ.ਓ.ਸੀ. ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ ਤਾਂ ਜੋ ਮੈਂ ਆਪਣਾ ਕੰਮ ਚਲਾ ਸਕਾ।

ਮਿਤੀ. ਪ੍ਰਾਰਥੀ

(Jaspinder Singh S/o Sh. Sagar Singh, C/o Parmar Enterprises Village Nagdipur, Tehsil Garhshankar, District Hoshiarpur)

NARESH MAHAJAN I.F.S.
Divisional Forest Officer
Hoshiarpur Forest Division
Hoshiarpur.

JASPINDER SINGH
S/o SAGAR SINGH
C/o PARMAR ENTERPRISES
VILL. NAGDIPUR
P.O. Pach Nangal Khushalpur,
Teh Garhshankar (Hoshiarpur)-144519

To,

The Nodal Officer (F.C.A. Branch)

Forest Bhawan, Sector 68, S.A.S. Nagar.

Through:- Forest Mandal Officer,

Hoshiarpur.

**Subject: Diversion of 0.0032 Ha. Of Forest land for approach road to shop at Village Nagdipur on Kot Fatuhi to Mehtiana Road, BDC RD 136-37 R/S, Tehsil Garhshanakar, Under Forest Division & Distt. Hoshiarpur, Punjab (Proposal No. FP/PB/ Approach/37854/2018 dated 24-12-2018)**

**Sir,**

Nodal Officer (F.C.A.Branch), Punjab, S.A.S. regarding the letter dated 02/04/2021. It is requested that I had started my work earlier around 2010, but as per rules of the forest department, the work was stopped by me due to lack of information to get approval. But when I resumed my work due to adverse effects on my domestic situation, I was fined by forest Department in March 2018 and barred from working at the site which is still closed. In this regard, I have filled case under FCA of 1980, the case was applied to the forest Office. I hereby requested that I will start my work after the receiving the N.O.C. from the forest department. Kindly send me an N.O.C. so, that I can continue my work.

Dated: Submitted By

(Jaspinder Singh S/o Sh. Sagar Singh C/o Parmar Enterprises
Village Nagdipur, Tehsil Garhshankar, District Hoshiarpur)

NARESH MAHAJAN I.F.S.
Divisional Forest Officer
Hoshiarpur Forest Division
Hoshiarpur.

JASPINDER SINGH
S/o SAGAR SINGH
C/o PARMAR ENTERPRISES
VILL. NAGDIPUR
P.O. Pach Nangal Khushalpur,
Teh Garhshankar (Hoshiarpur)-144519